MUNICIPAL CORPORATION BATHINDA
Near Railway station, Bathinda Punjab 151001 Tel No 0164-2252812
Email- cmcbathinda@gmail.com

No. 22/ADFO                                                    Date 5/1/2023

# e-Auction Notice

ਨਗਰ ਨਿਗਮ ਬਠਿੰਡਾ ਵੱਲੋਂ ਹੇਠ ਲਿਖੇ ਅਨੁਸਾਰ ਕੰਡਮ ਫਾਇਰ ਟੈਂਡਰ ਵਹੀਕਲ ਨੂੰ e-Auction ਰਾਹੀਂ ਵੇਚਿਆ ਜਾਣਾ ਹੈ। ਚਾਹਵਾਨ ਵਿਅਕਤੀ ਬੋਲੀ ਵਿੱਚ ਹਿੱਸਾ ਲੈ ਕੇ ਲਾਭ ਉਠਾਉਣ। ਬੋਲੀ ਸਬੰਧੀ ਸ਼ਰਤਾਂ ਨਿਮਨ ਲਿਖਤ ਅਨੁਸਾਰ ਹਨ।

ਬੋਲੀ ਦਾ ਵੇਰਵਾ:-

| ਲੜੀ ਨੰ: | ਕੰਡਮ ਵਹੀਕਲ ਦਾ ਵੇਰਵਾ | ਬਿਆਨਾ ਰਕਮ | ਰਿਜਰਵ ਕੀਮਤ |
|---|---|---|---|
| 1. | ਫਾਇਰ ਟੈਂਡਰ ਨੰ: PB-03E-4229 ਮਾਡਲ 1995 ਕੰਡਮ ਗੱਡੀ।(ਇੱਕ ਨੰਬਰ) | 10000/- ਰੁਪਏ | 82000/- ਪ੍ਰਤੀ ਵਹੀਕਲ |

ਬੋਲੀ ਦੀ ਮਿਤੀ:-

| ਲੜੀ ਨੰ: | ਬਿੱਡਰ ਲਈ ਰਜਿਸਟ੍ਰੇਸ਼ਨ ਦੀ ਮਿਤੀ ਅਤੇ ਸਮਾਂ | ਬਿੱਡ ਰਜਿਸਟ੍ਰੇਸ਼ਨ ਚੈਕ ਕਰਨ ਦੀ ਮਿਤੀ ਅਤੇ ਸਮਾਂ | ਆਨ-ਲਾਈਨ ਬਿੱਡ ਦੀ ਮਿਤੀ ਅਤੇ ਸਮਾਂ |
|---|---|---|---|
| 1. | 5.1.2023 ਨੂੰ ਸਵੇਰੇ 11.00 ਵਜੇ ਤੋਂ 20.1.2023 ਨੂੰ ਸਵੇਰੇ 11.00 ਵਜੇ ਤੱਕ। | 20.1.2023 ਨੂੰ ਦੁਪਹਿਰ 12.30 ਵਜੇ। | 23.1.2023 ਨੂੰ ਸਵੇਰੇ 11.00 ਤੋਂ ਮਿਤੀ 25.1.2023 ਨੂੰ ਸਵੇਰੇ 11.00 ਵਜੇ ਤੱਕ। |

ਈ-ਨਿਲਾਮੀ ਸਬੰਧੀ ਬੋਲੀਕਾਰਾਂ ਨੂੰ ਹਦਾਇਤਾਂ:-

1. ਈ-ਨਿਲਾਮੀ ਪ੍ਰੀਕ੍ਰਿਆ ਸਬੰਧੀ ਕਿਸੇ ਸਪੱਸ਼ਟੀਕਰਨ ਲਈ, ਹੋਰ ਨਿਯਮ ਅਤੇ ਸ਼ਰਤਾਂ ਲਈ www.tenderwizard.com/DLGP ਅਤੇ www.mcbathinda.com ਦੇ ਨਾਲ-ਨਾਲ ਦਫਤਰੀ ਸਮੇਂ ਦੌਰਾਨ ਕਿਸੇ ਵੀ ਕੰਮ-ਕਾਰ ਵਾਲੇ ਦਿਨ ਦਫਤਰ ਫਾਇਰ ਬ੍ਰਿਗੇਡ, ਨਗਰ ਨਿਗਮ ਬਠਿੰਡਾ ਵਿਖੇ ਦੇਖੀਆ ਜਾ ਸਕਦੀਆ ਹਨ।
2. ਨਿਯਮਾਂ ਅਤੇ ਸ਼ਰਤਾਂ ਵਿੱਚ ਕੋਈ ਤਬਦੀਲੀ, ਗਲਤੀ ਜਾਂ ਸੋਧ ਸਬੰਧੀ ਸੂਚਨਾ ਹੇਠਾਂ ਦਿੱਤੀ ਵੈਬਸਾਈਟ www.tenderwizard.com/DLGP ਤੇ ਅੱਪਲੋਡ ਕੀਤੀ ਜਾਵੇਗੀ।ਅਖਬਾਰਾਂ ਵਿੱਚ ਕੋਈ ਵੱਖਰਾਂ ਕੋਰੀਜੰਡਮ ਜਾਰੀ ਨਹੀਂ ਕੀਤਾ ਜਾਵੇਗਾ।
3. ਬੋਲੀਕਾਰ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਨਿਰਧਾਰਤ ਬਿਆਨਾ ਰਕਮ ਜਮ੍ਹਾ ਕਰਵਾਉਣ ਦੇ ਨਾਲ-2 ਆਨ-ਲਾਈਨ ਬੋਲੀ ਦੀ ਤਕਨੀਕੀ ਬਿੱਡ ਦੀਆਂ ਸ਼ਰਤਾਂ ਅਨੁਸਾਰ ਸਬੰਧਤ Scanned ਦਸਤਾਵੇਜ਼ ਅੱਪਲੋਡ ਕਰੇਗਾ।
4. ਬੋਲੀਕਾਰ ਵੱਲੋਂ ਬਿਆਨਾ ਰਕਮ ਅਤੇ ਪ੍ਰੋਸੈਸਿੰਗ ਫੀਸ ਆਨ-ਲਾਈਨ ਜਮ੍ਹਾ ਕਰਵਾਈ ਜਾਵੇਗੀ।
5. ਹਰੇਕ ਬੋਲੀਕਾਰ ਈ-ਆਕਸ਼ਨ ਪੋਰਟਲ www.tenderwizard.com/DLGP ਤੇ ਰਜਿਸਟਰ ਹੋਣਾ ਜਰੂਰੀ ਹੈ।

Scanned with CamScanner

6. ਈ-ਆਕਸ਼ਨ ਦੇ ਸਬੰਧ ਵਿੱਚ ਕੋਈ ਪੁੱਛਗਿੱਛ ਹੋਣ ਦੀ ਸਥਿਤੀ ਵਿੱਚ ਬੋਲੀਕਾਰ Tenderwizard ਦੇ ਹੈਲਪ ਲਾਈਨ ਨੰ: 0172-5035985, 92572-09340 (ਚੰਡੀਗੜ੍ਹ) ਨਾਲ ਸੰਪਰਕ ਕਰ ਸਕਦਾ ਹੈ।
7. ਸਾਰੇ ਬੋਲੀਕਾਰਾਂ ਨੂੰ ਆਪਣੇ-ਆਪ ਨੂੰ ਪਹਿਲਾਂ ਤੋਂ ਰਜਿਸਟ੍ਰੇਸ਼ਨ ਕਰਾਉਣ ਦੀ ਬੇਨਤੀ ਕੀਤੀ ਜਾਂਦੀ ਹੈ ਅਤੇ ਦੇਰੀ ਲਈ ਕੋਈ ਵਾਧੂ ਸਮਾਂ ਨਹੀਂ ਦਿੱਤਾ ਜਾਵੇਗਾ।

ਨਿਯਮ ਅਤੇ ਸ਼ਰਤਾਂ:-

1. ਹਰੇਕ ਬੋਲੀਕਾਰ ਲਈ ਬਣਦੀ ਬਿਆਨਾ ਰਕਮ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਈ-ਆਕਸ਼ਨ ਪੋਰਟਲ www.tenderwizard.com/DLGP ਰਾਹੀਂ ਆਨ-ਲਾਈਨ ਜਮ੍ਹਾ ਕਰਵਾਏਗਾ।ਸਫਲ ਬੋਲੀਕਾਰ ਨੂੰ ਛੱਡਕੇ, ਬੋਲੀ ਪ੍ਰਵਾਨ ਹੋਣ ਤੋਂ ਬਾਅਦ ਬਾਕੀ ਬੋਲੀਕਾਰਾਂ ਦੀ ਬਿਆਨਾ ਰਕਮ ਆਨ-ਲਾਈਨ ਰਿਫੰਡ ਕੀਤੀ ਜਾਵੇਗੀ।
2. ਬੋਲੀਕਾਰ ਆਨ-ਲਾਈਨ ਬਿਆਨਾ ਰਕਮ ਜਮ੍ਹਾ ਕਰਾਉਣ ਸਮੇਂ ਹੇਠ ਲਿਖੇ ਅਨੁਸਾਰ Scanned Document ਅੱਪਲੋਡ ਕਰੇਗਾ:-
   - ਸਵੈ-ਘੋਸ਼ਣਾ ਪੱਤਰ ਅੱਪਲੋਡ ਕਰੇਗਾ ਕਿ ਉਹ ਨਗਰ ਨਿਗਮ ਦਾ ਕਿਸੇ ਵੀ ਕਿਸਮ ਦਾ ਡਿਫਾਲਟਰ ਨਹੀਂ ਹੈ ਅਤੇ ਨਾ ਹੀ ਕਿਸੇ ਹੋਰ ਵਿਭਾਗ ਤੋਂ ਬਲੈਕ ਲਿਸਟ ਹੈ।
   - GST ਅਤੇ ਪੈਨ ਨੰਬਰ।
   - ਆਪਣਾ ਇੱਕ ਸਨਾਖਤੀ ਸਬੂਤ ਜਿਵੇਂ ਕਿ ਅਧਾਰ ਕਾਰਡ, ਵੋਟਰ ਕਾਰਡ ਆਦਿ ਵਿੱਚੋਂ ਕੋਈ ਇੱਕ ਦਸਤਾਵੇਜ਼।

   ਸਬੂਤ ਵਜੋਂ ਈ-ਆਕਸ਼ਨ ਪੋਰਟਲ www.tenderwizard.com/DLGP ਤੇ ਅੱਪਲੋਡ ਕਰੇਗਾ।
3. ਜੇਕਰ ਬੋਲੀ ਦੌਰਾਨ ਆਖਰੀ 10 ਮਿੰਟਾਂ ਵਿੱਚ ਕਿਸੇ ਬੋਲੀਕਾਰ ਵੱਲੋਂ ਬੋਲੀ ਦਿੱਤੀ ਜਾਂਦੀ ਹੈ ਤਾਂ ਬੋਲੀ ਲਗਾਉਣ ਦਾ ਸਮਾਂ ਆਪਣੇ-ਆਪ (Automatic) 30 ਮਿੰਟ ਲਈ ਵੱਧ ਜਾਵੇਗਾ ਤਾਂ ਜੋ ਦੂਸਰੇ ਬੋਲੀਕਾਰਾਂ ਨੂੰ ਬੋਲੀ ਵਿੱਚ ਬਰਾਬਰ ਦਾ ਮੌਕਾ ਮਿਲ ਸਕੇ।ਨਿਲਾਮੀ/ਬੋਲੀ ਉਦੋਂ ਹੀ ਬੰਦ ਹੋਵੇਗੀ ਜਦੋਂ ਪਿੱਛਲੇ 10 ਮਿੰਟਾਂ ਦੇ ਸਮੇਂ ਦੌਰਾਨ ਕੋਈ ਹੋਰ ਵਾਧਾ ਦਰਜ਼ ਨਹੀਂ ਕੀਤਾ ਜਾਂਦਾ ਹੈ।(For example: If the auction is closing at 14.00 Hrs and if any bidder bids between 13.50 Hrs and 14.00 Hrs, the auto auction extension will extend the auction closing time to 14.30 Hrs, and if any bidder bids between 14.20 Hrs and 14.30 Hrs, it will be extended to 15.00 Hrs and so on.)
4. ਬੋਲੀਕਾਰ ਕੰਡਮ ਵਹੀਕਲ ਦਾ ਮੌਕਾ ਕਿਸੇ ਵੀ ਕੰਮ ਵਾਲੇ ਦਿਨ ਫਾਇਰ ਬ੍ਰਿਗੇਡ, ਨਗਰ ਨਿਗਮ ਬਠਿੰਡਾ ਦੇ ਦਫਤਰ ਵਿਖੇ ਦੇਖ ਸਕਦਾ ਹੈ।
5. ਨਗਰ ਨਿਗਮ ਵੱਲੋਂ ਸਭ ਤੋਂ ਵੱਧ ਬੋਲੀ ਦੇਣ ਵਾਲੇ ਬੋਲੀਕਾਰ ਨੂੰ ਹੀ ਵਹੀਕਲ ਦਿੱਤੇ ਜਾਣਗੇ।
6. ਬੋਲੀ ਦੌਰਾਨ ਬੋਲੀਕਾਰ ਵੱਲੋਂ ਦਿੱਤੀ ਜਾਣ ਵਾਲੀ ਬੋਲੀ ਵਿੱਚ ਵਾਧਾ ਘੱਟੋਂ ਘੱਟ 1000/- ਰੁਪਏ ਦਾ ਹੋਵੇਗਾ।
7. ਕੰਡਮ ਵਹੀਕਲ ਈ-ਆਕਸ਼ਨ ਰਾਹੀਂ ਹੀ Sale ਕੀਤੇ ਜਾਣਗੇ। ਬੋਲੀ ਲਈ ਤਿੰਨ ਬੋਲੀਕਾਰਾਂ ਦਾ ਹੋਣਾ ਜਰੂਰੀ ਹੈ।

Scanned with CamScanner

੮. ਕੰਡਮ ਵਹੀਕਲ ਦਾ ਕਬਜਾ ਨਗਰ ਨਿਗਮ ਵੱਲੋਂ ਬੋਲੀ ਦੀ ਪ੍ਰਵਾਨਗੀ ਹੋਣ ਤੋਂ ਬਾਅਦ ਬੋਲੀ ਦੀ ਪੂਰੀ ਰਕਮ ਜਮ੍ਹਾ ਕਰਵਾਉਣ ਉਪਰੰਤ ਦਿੱਤਾ ਜਾਵੇਗਾ।

9. ਬੋਲੀ ਦੀ ਪ੍ਰਵਾਨਗੀ ਤੋਂ ਬਾਅਦ ਬੋਲੀਕਾਰ 10 ਦਿਨਾਂ ਦੇ ਅੰਦਰ-2 ਕੰਡਮ ਵਹੀਕਲ ਨੂੰ ਚੁੱਕਣ ਦਾ ਪਾਬੰਦ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬੋਲੀਕਾਰ ਦੀ ਸਕਿਉਰਟੀ/ਬਿਆਨਾ ਰਕਮ ਜਬਤ ਕਰ ਲਿੱਤੀ ਜਾਵੇਗੀ।

10. ਸਫਲ ਬੋਲੀਕਾਰ ਵੱਲੋਂ ਨਿਸ਼ਚਿਤ ਸਮੇਂ ਵਿੱਚ ਵਹੀਕਲ ਚੁੱਕਣ/ਕਬਜਾ ਲੈਣ ਤੋਂ ਪਹਿਲਾਂ ਪ੍ਰਵਾਨਤ ਬੋਲੀ ਦੀ ਬਣਦੀ ਰਕਮ ਨਗਰ ਨਿਗਮ ਵਿਖੇ ਜਮ੍ਹਾ ਕਰਵਾਏਗਾ। ਸਕਿਉਰਟੀ ਵਜੋਂ ਜਮ੍ਹਾ ਕਰਵਾਈ ਰਕਮ ਤੇ ਵਿਆਜ ਨਹੀਂ ਦਿੱਤਾ ਜਾਵੇਗਾ ਅਤੇ ਬਿਆਨੇ ਵਜੋਂ ਜਮ੍ਹਾ ਕਰਵਾਈ ਗਈ ਰਕਮ ਇਸ ਵਿੱਚ ਸ਼ਾਮਿਲ ਕੀਤੀ ਜਾਵੇਗੀ।

11. ਜੇਕਰ ਕਿਸੇ ਕਾਰਣ ਬੋਲੀ ਪ੍ਰਵਾਨ ਨਹੀਂ ਹੁੰਦੀ ਤਾਂ ਬੋਲੀਕਾਰ ਵੱਲੋਂ ਸਕਿਉਰਟੀ ਵਜੋਂ ਜਮ੍ਹਾ ਕਰਵਾਈ ਰਕਮ ਵਾਪਿਸ ਵਾਪਿਸ ਕਰ ਦਿੱਤੀ ਜਾਵੇਗੀ ਅਤੇ ਇਸ ਤੇ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ।

12. ਬੋਲੀ ਦੀ ਪ੍ਰਵਾਨਗੀ ਉਪਰੰਤ ਬੋਲੀਕਾਰ ਵੱਲੋਂ ਵਹੀਕਲ ਨਾ ਚੁੱਕਣ/ਕਬਜਾ ਨਾ ਲੈਣ ਦੀ ਸੂਰਤ ਵਿੱਚ ਬੋਲੀਕਾਰ ਵੱਲੋਂ ਜਮ੍ਹਾ ਕਰਵਾਈ ਗਈ ਸਕਿਉਰਟੀ/ਬਿਆਨਾ ਰਕਮ ਜਬਤ ਕਰਕੇ ਮੁੜ ਤੋਂ ਬੋਲੀ ਕਰਵਾਉਣ ਦਾ ਨਗਰ ਨਿਗਮ ਨੂੰ ਅਧਿਕਾਰ ਹੋਵੇਗਾ।

13. ਕੰਡਮ ਵਹੀਕਲ ਜਿਵੇਂ ਹੈ ਜਿਸ ਹਾਲਤ ਵਿੱਚ ਹੈ, ਉਸੇ ਹਾਲਤ ਹੈ ਵਿੱਚ ਦਿੱਤੇ ਜਾਣਗੇ। ਕੰਡਮ ਵਹੀਕਲ ਨੂੰ ਚੁੱਕਣ ਸਮੇਂ ਹੋਣ ਵਾਲਾ ਹਰ ਕਿਸਮ ਦਾ ਖਰਚਾ ਬੋਲੀਕਾਰ ਵੱਲੋਂ ਕੀਤਾ ਜਾਵੇ।

14. ਬੋਲੀ ਦੀ ਰਕਮ ਜਮ੍ਹਾ ਕਰਵਾਏ ਬਿਨਾਂ ਬੋਲੀਕਾਰ ਨੂੰ ਵਹੀਕਲ ਦਾ ਕਬਜਾ ਨਹੀਂ ਦਿੱਤਾ ਜਾਵੇਗਾ।

15. ਬੋਲੀ ਪ੍ਰਵਾਨ ਕਰਨ ਜਾਂ ਬੋਲੀ ਰੱਦ ਕਰਨ ਦੇ ਅਧਿਕਾਰ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਬਠਿੰਡਾ ਪਾਸ ਰਾਖਵੇਂ ਹਨ।

ਨਿਗਮ ਇੰਜੀਨੀਅਰ,
ਨਗਰ ਨਿਗਮ, ਬਠਿੰਡਾ

Scanned with CamScanner